

ਤੱਥ:

# ਸ਼ਿਕਾਇਤ ਕਰਨ ਬਾਰੇ

ਵਿਕਟੋਰੀਅਨ ਡਿਸਏਬਿਲਟੀ ਵਰਕਰ ਕਮਿਸ਼ਨ, ਅਪਾਹਜਤਾ ਸੇਵਾ ਕਰਮਚਾਰੀਆਂ ਦੇ ਵਿਵਹਾਰ ਬਾਰੇ ਤੁਹਾਡੀਆਂ ਚਿੰਤਾਵਾਂ ਨਾਲ ਨਜਿੱਠ ਸਕਦਾ ਹੈ। ਕਿਉਂਕਿ ਅਪੰਗਤਾ ਵਾਲੇ ਲੋਕ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹਨ।

## ਸਾਡੀ ਸ਼ਿਕਾਇਤ ਸੇਵਾ ਬਾਰੇ

ਸਾਡੀ ਸ਼ਿਕਾਇਤ ਸੇਵਾ ਗੁਪਤ ਅਤੇ ਮੁਫ਼ਤ ਹੈ, ਅਤੇ ਹਰੇਕ ਲਈ ਉਪਲਬਧ ਹੈ। ਜੇਕਰ ਤੁਹਾਨੂੰ ਕਿਸੇ ਅਪੰਗਤਾ ਸੇਵਾ ਕਰਮਚਾਰੀ ਦੇ ਵਿਵਹਾਰ, ਉਹਨਾਂ ਦੇ ਕੰਮ ਦੀ ਸੁਰੱਖਿਆ ਜਾਂ ਗੁਣਵੱਤਾ ਬਾਰੇ ਚਿੰਤਾਵਾਂ ਹਨ, ਤਾਂ ਅਸੀਂ ਤੁਹਾਡੇ ਲਈ ਇੱਥੇ ਮੌਜੂਦ ਹਾਂ।

ਅਸੀਂ ਵਿਲੱਖਣ ਕਿਸਮ ਦੇ ਰੈਗੂਲੇਟਰ ਹਾਂ ਕਿਉਂਕਿ ਸਾਡਾ ਧਿਆਨ ਵਿਅਕਤੀਗਤ ਸੇਵਾ ਪ੍ਰਦਾਨ ਕਰਦੇ ਅਪੰਗਤਾ ਸੇਵਾ ਕਰਮਚਾਰੀਆਂ 'ਤੇ ਕੇਂਦਰਿਤ ਹੈ।

## ਤੁਸੀਂ ਵਿਕਟੋਰੀਆ ਵਿੱਚ ਕਿਸੇ ਵੀ ਅਪੰਗਤਾ ਸੇਵਾ ਕਰਮਚਾਰੀ ਬਾਰੇ ਸ਼ਿਕਾਇਤ ਕਰ ਸਕਦੇ ਹੋ

ਤੁਸੀਂ ਵਿਕਟੋਰੀਆ ਵਿੱਚ ਕਿਸੇ ਵੀ ਅਪੰਗਤਾ ਸੇਵਾ ਕਰਮਚਾਰੀ ਬਾਰੇ ਸ਼ਿਕਾਇਤ ਕਰ ਸਕਦੇ ਹੋ, ਇਸ ਗੱਲ ਦੀ ਪਰਵਾਹ ਕੀਤੇ ਬਿਨ੍ਹਾਂ ਕਿ ਉਸ ਅਪੰਗਤਾ ਸੇਵਾ ਨੂੰ ਕਿਵੇਂ ਫੰਡ ਦਿੱਤਾ ਜਾਂਦਾ ਹੈ ਜਾਂ ਉਸ ਅਪੰਗਤਾ ਸੇਵਾ ਕਰਮਚਾਰੀ ਨੂੰ ਕਿਵੇਂ ਲਗਾਇਆ ਜਾਂਦਾ ਹੈ।

ਜੇਕਰ ਤੁਸੀਂ ਪੂਰੀ ਤਰ੍ਹਾਂ ਯਕੀਨੀ ਨਹੀਂ ਹੋ ਕਿ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ ਜਾਂ ਨਹੀਂ, ਤਾਂ ਵੀ ਅਸੀਂ ਤੁਹਾਨੂੰ ਆਪਣੀ ਚਿੰਤਾ ਬਾਰੇ ਸਾਡੇ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਜੇਕਰ ਇਹ ਕਮਿਸ਼ਨ ਤੁਹਾਡੀ ਮਦਦ ਕਰਨ ਦੇ ਯੋਗ ਨਹੀਂ ਹੈ, ਤਾਂ ਅਸੀਂ ਫਿਰ ਵੀ ਹਵਾਲਾ (ਰੈਫਰਲ) ਦੇ ਕੇ ਅਤੇ ਤੁਹਾਨੂੰ ਕਿਸੇ ਅਜਿਹੀ ਸੰਸਥਾ ਕੋਲ ਭੇਜ ਕੇ ਮਦਦ ਕਰਨ ਦੇ ਯੋਗ ਹੋ ਸਕਦੇ ਹਾਂ ਜੋ ਤੁਹਾਡੀ ਚਿੰਤਾ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੀ ਹੈ।

## ਕੀ ਕਿਸੇ ਅਪੰਗਤਾ ਸੇਵਾ ਕਰਮਚਾਰੀ ਬਾਰੇ ਸ਼ਿਕਾਇਤ ਕਰਨਾ ਠੀਕ ਹੈ?

ਹਾਂ, ਕਿਸੇ ਕਰਮਚਾਰੀ ਬਾਰੇ ਸ਼ਿਕਾਇਤ ਕਰਨਾ ਠੀਕ ਹੈ। ਇਹ ਮਹੱਤਵਪੂਰਨ ਹੈ ਕਿ ਅਪੰਗਤਾ ਸੇਵਾ ਕਰਮਚਾਰੀਆਂ ਨੂੰ ਪਤਾ ਹੋਵੇ ਕਿ ਤੁਸੀਂ ਕਦੋਂ ਖੁਸ਼ ਨਹੀਂ ਹੋ ਜਾਂ ਜੇ ਕੁੱਝ ਗਲਤ ਹੈ। ਸ਼ਿਕਾਇਤ ਕਰਨ ਨਾਲ ਅਪੰਗਤਾ ਸੇਵਾ ਕਰਮਚਾਰੀਆਂ ਨੂੰ ਉਹਨਾਂ ਦੇ ਕੰਮ ਅਤੇ ਅਭਿਆਸ ਵਿੱਚ ਚੰਗੀਆਂ ਤਬਦੀਲੀਆਂ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਸ਼ਿਕਾਇਤ ਕਰਨਾ ਹਰ ਕਿਸੇ ਲਈ ਸੇਵਾਵਾਂ ਨੂੰ ਬਿਹਤਰ ਬਣਾਉਣ ਦਾ ਵਧੀਆ ਤਰੀਕਾ ਹੈ।

## ਸ਼ਿਕਾਇਤਾਂ ਦੀਆਂ ਕਿਸਮਾਂ?

ਤੁਸੀਂ ਵਿਕਟੋਰੀਆ ਵਿੱਚ ਕਿਸੇ ਵੀ ਅਪੰਗਤਾ ਸੇਵਾ ਕਰਮਚਾਰੀ ਬਾਰੇ ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਇਹਨਾਂ ਬਾਰੇ ਸ਼ਿਕਾਇਤ ਕਰ ਸਕਦੇ ਹੋ:

- ਉਹਨਾਂ ਦੇ ਕੰਮ ਦੇ ਮਿਆਰ ਬਾਰੇ
- ਅਪੰਗਤਾ ਸੇਵਾ ਕਰਮਚਾਰੀ ਦੇ ਗਿਆਨ, ਹੁਨਰ ਜਾਂ ਫੈਸਲਾ ਲੈਣ ਬਾਰੇ
- ਸੁਰੱਖਿਅਤ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਦੀ ਉਹਨਾਂ ਦੀ ਸਮਰੱਥਾ ਬਾਰੇ
- *ਡਿਸਏਬਿਲਟੀ ਸਰਵਿਸ ਸੇਫਗਾਰਡਜ਼ ਐਕਟ 2018* (Vic) ਜਾਂ ਡਿਸਏਬਿਲਟੀ ਸਰਵਿਸ ਸੇਫਗਾਰਡਜ਼ ਕੋਡ ਆਫ ਕੰਡਕਟ ਦੀ ਕਥਿਤ ਉਲੰਘਣਾ ਬਾਰੇ।

# ਵਧੇਰੇ ਮਜ਼ਬੂਤ ਬਣਾਉਣ ਵਿੱਚ ਮਦਦ ਕਰੋ
# ਅਪੰਗਤਾ ਸੈਕਟਰ ਨੂੰ ਵਧੇਰੇ ਸੁਰੱਖਿਅਤ,



## ਕੀ ਮੈਨੂੰ ਆਪਣੇ ਨਿੱਜੀ ਵੇਰਵੇ ਦੇਣ ਦੀ ਲੋੜ ਹੈ?

ਅਸੀਂ ਬੇਨਾਮ ਸ਼ਿਕਾਇਤਾਂ ਨੂੰ ਸਵੀਕਾਰ ਕਰਦੇ ਹਾਂ। ਤੁਸੀਂ ਆਪਣੀ ਪਛਾਣ ਗੁਪਤ ਰੱਖਣ ਲਈ ਕਹਿ ਸਕਦੇ ਹੋ। ਸਾਡੇ ਔਨਲਾਈਨ ਪੋਰਟਲ ਦੀ ਵਰਤੋਂ ਕਰਕੇ ਸ਼ਿਕਾਇਤ ਕਰਨ ਲਈ ਤੁਹਾਨੂੰ ਸਿਰਫ਼ ਆਪਣਾ ਪਹਿਲਾ ਨਾਮ ਦੱਸਣ ਦੀ ਲੋੜ ਹੈ। ਜੇਕਰ ਤੁਸੀਂ ਬੇਨਾਮ ਰਹਿਣ ਦੀ ਚੋਣ ਕਰਦੇ ਹੋ, ਤਾਂ ਅਸੀਂ ਤੁਹਾਡੀ ਚਿੰਤਾ ਨਾਲ ਕਿਵੇਂ ਅੱਗੇ ਵਧਦੇ ਹਾਂ, ਅਤੇ ਸੰਭਾਵੀ ਤੌਰ 'ਤੇ ਸ਼ਿਕਾਇਤਾਂ ਦੀ ਪ੍ਰਕਿਰਿਆ ਦੇ ਨਤੀਜੇ ਸੀਮਤ ਹੋ ਸਕਦੇ ਹਨ।

ਜਿੱਥੇ ਤੁਸੀਂ ਸਾਨੂੰ ਆਪਣੇ ਵੇਰਵੇ ਦੇਣ ਦੀ ਚੋਣ ਕਰਦੇ ਹੋ, ਤਾਂ ਅਸੀਂ ਨਿੱਜੀ ਜਾਣਕਾਰੀ ਨੂੰ ਉਸ ਤਰ੍ਹਾਂ ਇਕੱਠਾ ਕਰਾਂਗੇ, ਵਰਤਾਂਗੇ, ਸੰਭਾਲਾਂਗੇ ਅਤੇ ਸੁਰੱਖਿਅਤ ਕਰਾਂਗੇ ਜਿਵੇਂ ਕਿ ਸਾਨੂੰ ਕਾਨੂੰਨ ਦੁਆਰਾ ਕਰਨਾ ਲੋੜੀਂਦਾ ਹੈ।

## ਸ਼ਿਕਾਇਤ ਕਿਵੇਂ ਕਰਨੀ ਹੈ?

ਤੁਸੀਂ ਇਹਨਾਂ ਦੁਆਰਾ ਸ਼ਿਕਾਇਤ ਕਰ ਸਕਦੇ ਹੋ:

- vdwc.vic.gov.au 'ਤੇ ਔਨਲਾਈਨ ਫਾਰਮ ਭਰ ਕੇ
- ਸਾਨੂੰ 1800 497 132 'ਤੇ ਫ਼ੋਨ ਕਰਕੇ
- ਸਾਨੂੰ Level 20, 570 Bourke Street, Melbourne VIC 3000 'ਤੇ ਚਿੱਠੀ ਲਿਖ ਕੇ
- ਨੈਸ਼ਨਲ ਰੀਲੇਅ ਸੇਵਾ ਰਾਹੀਂ ਸਾਡੇ ਨਾਲ ਸੰਪਰਕ ਕਰਨਾ, ਜਿਸ ਵਿੱਚ ਔਸਲੈਨ ਦੁਭਾਸ਼ੀਏ ਸ਼ਾਮਲ ਹਨ: https://nrschat.nrscall.gov.au/nrs/internetrelay, 1300 555 727 'ਤੇ ਕਾਲ ਕਰੋ ਜਾਂ 0423 677 767 'ਤੇ SMS ਕਰੋ।
- ਅਸੀਂ ਤੁਹਾਡੀ ਭਾਸ਼ਾ ਵਿੱਚ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ
- ਅਸੀਂ ਤੁਹਾਡੇ ਨਾਲ ਆਹਮੋ-ਸਾਹਮਣੇ ਮਿਲਣ ਦਾ ਪ੍ਰਬੰਧ ਕਰ ਸਕਦੇ ਹਾਂ

## ਵਿਕਟੋਰੀਅਨ ਡਿਸਏਬਿਲਟੀ ਵਰਕਰ ਕਮਿਸ਼ਨ ਬਾਰੇ

ਵਿਕਟੋਰੀਅਨ ਡਿਸਏਬਿਲਟੀ ਵਰਕਰ ਕਮਿਸ਼ਨ ਇਕ ਖੁਦ-ਮੁਖਤਿਆਰ ਅਦਾਰਾ ਹੈ ਜੋ ਅਪੰਗਤਾ ਵਾਲੇ ਲੋਕਾਂ ਦੀ ਬਿਹਤਰ ਸੁਰੱਖਿਆ ਕਰਨ ਲਈ ਅਤੇ ਵਧੇਰੇ ਮਜ਼ਬੂਤ, ਵਧੇਰੇ ਸੁਰੱਖਿਅਤ ਅਪੰਗਤਾ ਖੇਤਰ ਨੂੰ ਸਿਰਜਣ ਲਈ ਸਥਾਪਤ ਕੀਤਾ ਗਿਆ ਹੈ। ਇਹ Disability Service Safeguards Code of Conduct (ਡਿਸਏਬਿਲਟੀ ਸਰਵਿਸ ਸੇਫ਼ਗਾਰਡਜ਼ ਕੋਡ ਆਫ਼ ਕੰਡਕਟ) ਲਈ ਜ਼ਿੰਮੇਵਾਰ ਹੈ, ਜੋ ਵਿਕਟੋਰੀਆ ਵਿੱਚ ਅਪੰਗਤਾ ਵਾਲੇ ਲੋਕਾਂ ਦੀ ਸਹਾਇਤਾ ਕਰਨ ਵਾਲੇ ਸਾਰੇ ਕਰਮਚਾਰੀਆਂ ਲਈ ਘੱਟੋ-ਘੱਟ ਉਮੀਦਾਂ ਅਤੇ ਸ਼ਿਕਾਇਤ ਸੇਵਾ ਸਥਾਪਤ ਕਰਦਾ ਹੈ। ਇਹ ਲੋਕਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੇ ਕਰਮਚਾਰੀਆਂ ਦੀ ਜਾਂਚ ਕਰਨ ਅਤੇ ਉਨ੍ਹਾਂ 'ਤੇ ਪਾਬੰਦੀ ਲਗਾਉਣ ਦੀਆਂ ਸ਼ਕਤੀਆਂ ਰੱਖਣ ਦੇ ਨਾਲ-ਨਾਲ ਸ਼ਿਕਾਇਤਾਂ ਅਤੇ ਸੂਚਨਾਵਾਂ ਨੂੰ ਸਵੀਕਾਰ ਕਰ ਸਕਦਾ ਹੈ।

ਸਾਡੀ ਵੈੱਬਸਾਈਟ **vdwc.vic.gov.au** ਦੇਖੋ ਜਾਂ 1800 497 132 'ਤੇ ਫ਼ੋਨ ਕਰੋ
ਸਾਡੇ ਨਿਊਜ਼ਲੈਟਰ ਲਈ ਸਾਈਨ ਅੱਪ ਕਰੋ
ਸਾਨੂੰ ਫਾਲੋਅ ਕਰੋ (ਸਾਡੇ ਨਾਲ ਜੁੜੋ)

vdwc.vic.gov.au 'ਤੇ ਜਾਓ
1800 497 132 'ਤੇ ਫ਼ੋਨ ਕਰੋ

Victorian Disability Worker Commission

VICTORIA State Government